# ਬੀ ਸੀ ਦਾ ਸਿਗਰਟਾਂ ਛੱਡਣ ਦਾ ਪ੍ਰੋਗਰਾਮ

| | | |
|---|---|---|
| *ਮੈਂ ਸਿਗਰਟਾਂ ਛੱਡਣਾ ਚਾਹੁੰਦਾ/ਚਾਹੁੰਦੀ ਹਾਂ ਪਰ ਪਤਾ ਨਹੀਂ ਹੈ ਕਿ ਕੀ ਕਰਨਾ ਹੈ...* | ➡ | ਕਿਸੇ ਸਿਹਤ ਮਾਹਰ ਨਾਲ ਗੱਲ ਕਰੋ ਜਾਂ www.quitnow.ca ’ਤੇ ਜਾਉ। |
| *ਮੈਂ ਸਿਗਰਟਾਂ ਛੱਡਣ ਦੇ ਪ੍ਰੋਗਰਾਮ ਬਾਰੇ ਜ਼ਿਆਦਾ ਜਾਣਨਾ ਚਾਹੁੰਦਾ/ਚਾਹੁੰਦੀ ਹਾਂ...* | ➡ | www.gov.bc.ca/bcsmokingcessation ’ਤੇ ਜਾਉ। |
| *ਮੈਂ ਨਿਕੋਟੀਨ ਪੈਚ, ਗਮ, ਲੌਜ਼ੈਂਜਿਜ਼ ਜਾਂ ਨਿਕੋਟੀਨ ਇਨਹੇਲਰ ਚਾਹੁੰਦਾ/ਚਾਹੁੰਦੀ ਹਾਂ...* | ➡ | ਆਪਣੀ ਲੋਕਲ ਫਾਰਮੇਸੀ ਵਿਚ ਜਾਉ। ਤੁਹਾਨੂੰ ਡਾਕਟਰ ਦੀ ਪਰਚੀ ਦੀ ਲੋੜ ਨਹੀਂ ਹੈ। |
| *ਸਿਗਰਟਾਂ ਛੱਡਣ ਵਿਚ ਮਦਦ ਲਈ ਮੈਂ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਵਰਤਣਾ ਚਾਹੁੰਦਾ/ਚਾਹੁੰਦੀ ਹਾਂ...* | ➡ | ਜਦੋਂ ਤੁਸੀਂ ਕਿਸੇ ਹੋਰ ਕਾਰਨ ਕਰਕੇ ਅਗਲੀ ਵਾਰੀ ਆਪਣੇ ਡਾਕਟਰ ਕੋਲ ਜਾਉ ਤਾਂ ਆਪਣੀਆਂ ਚੋਣਾਂ ਬਾਰੇ ਪੁੱਛੋ। |
| *ਮੈਂ ਫਾਰਮਾਕੇਅਰ ਬਾਰੇ ਜ਼ਿਆਦਾ ਜਾਣਨਾ ਜਾਂ ਫੇਅਰ ਫਾਰਮਾਕੇਅਰ ਪਲੈਨ ਲਈ ਰਜਿਸਟਰ ਹੋਣਾ ਚਾਹੁੰਦਾ/ਚਾਹੁੰਦੀ ਹਾਂ...* | ➡ | www.gov.bc.ca/pharmacare ’ਤੇ ਜਾਉ ਜਾਂ ਹੈਲਥ ਇਨਸ਼ੋਰੈਂਸ ਬੀ ਸੀ ਨੂੰ ਫੋਨ ਕਰੋ: ਲੋਅਰ ਮੇਨਲੈਂਡ ਤੋਂ 604-683-7151 ’ਤੇ। ਬੀ.ਸੀ. ਵਿਚ ਹੋਰ ਕਿਤਿਉਂ ਵੀ 1-800-663-7100 ’ਤੇ ਮੁਫਤ। |

## ਪ੍ਰੋਗਰਾਮ ਅਧੀਨ ਤੁਹਾਡੀਆਂ ਚੋਣਾਂ

| ਵਸਤ | ਕਵਰੇਜ | ਫਾਰਮਾਕੇਅਰ ਕੀ ਦਿੰਦਾ ਹੈ |
|---|---|---|
| **ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ –** ਬਿਊਪਰੋਪੀਅਨ (ਜ਼ਾਈਬਾਨ) ਜਾਂ ਵਰੈਨੀਕਲੀਨ (ਚੈਮਪਿਕਸ) | ਹਰ ਕੈਲੰਡਰ ਸਾਲ ਵਿਚ ਲਗਾਤਾਰ 12 ਹਫਤੇ (84 ਦਿਨਾਂ) ਤੱਕ ਦੇ ਇਲਾਜ ਦਾ ਇਕ ਕੋਰਸ। | ਤੁਹਾਡੀ ਫਾਰਮਾਕੇਅਰ ਪਲੈਨ ਦੇ ਨਿਯਮਾਂ ਮੁਤਾਬਕ ਤੁਹਾਡੀ ਫਾਰਮਾਕੇਅਰ ਪਲੈਨ ਸਾਰੀ ਦਵਾਈ ਦਾ ਖਰਚਾ ਦੇ ਸਕਦੀ ਹੈ, ਕੁਝ ਹਿੱਸਾ ਦੇ ਸਕਦੀ ਹੈ ਜਾਂ ਕੋਈ ਖਰਚਾ ਨਹੀਂ ਦੇ ਸਕਦੀ ਹੈ। |
| **ਨਿਕੋਰੈਟ ਆਰ ਐਕਸ ਗਮ –** *ਸਿਰਫ ਅਲਟਰਾ ਫਰੈੱਸ਼ ਮਿੰਟ ਵਿਚ* | ਹਰ ਕੈਲੰਡਰ ਸਾਲ ਵਿਚ ਲਗਾਤਾਰ 12 ਹਫਤੇ (84 ਦਿਨਾਂ) ਦੌਰਾਨ ਗਮ ਦੇ 105 ਪੀਸਾਂ ਦੇ 9 ਬੌਕਸਾਂ ਤੱਕ (ਇਕ ਭਰਾਈ ਵਿਚ 28 ਦਿਨਾਂ ਦੀ ਸਪਲਾਈ)। | ਸਾਰਾ ਖਰਚਾ |
| **ਨਿਕੋਡਰਮ ਆਰ ਐਕਸ ਪੈਚ** | ਹਰ ਕੈਲੰਡਰ ਸਾਲ ਵਿਚ ਲਗਾਤਾਰ 12 ਹਫਤੇ (84 ਦਿਨਾਂ) ਦੌਰਾਨ 7 ਪੈਚਾਂ ਦੇ 12 ਬੌਕਸਾਂ ਤੱਕ (ਇਕ ਭਰਾਈ ਵਿਚ 28 ਦਿਨਾਂ ਦੀ ਸਪਲਾਈ)। | ਸਾਰਾ ਖਰਚਾ |
| **ਨਿਕੋਰੈਟ ਆਰ ਐਕਸ ਲੌਜ਼ੈਂਜਿਜ਼** | ਹਰ ਕੈਲੰਡਰ ਸਾਲ ਵਿਚ ਲਗਾਤਾਰ 12 ਹਫਤੇ (84 ਦਿਨਾਂ) ਦੌਰਾਨ 88 ਲੌਜ਼ੈਂਜਿਜ਼ ਦੀਆਂ 9 ਬੋਤਲਾਂ ਤੱਕ (ਇਕ ਭਰਾਈ ਵਿਚ 28 ਦਿਨਾਂ ਦੀ ਸਪਲਾਈ)। | ਸਾਰਾ ਖਰਚਾ |
| **ਨਿਕੋਰੈਟ ਆਰ ਐਕਸ ਇਨਹੇਲਰ** | ਹਰ ਕੈਲੰਡਰ ਸਾਲ ਵਿਚ ਲਗਾਤਾਰ 12 ਹਫਤੇ (84 ਦਿਨਾਂ) ਦੌਰਾਨ 42 ਕਾਰਟਰਿਜ਼ਾਂ ਦੇ 12 ਬੌਕਸਾਂ ਤੱਕ (ਇਕ ਭਰਾਈ ਵਿਚ 28 ਦਿਨਾਂ ਦੀ ਸਪਲਾਈ)। | ਸਾਰਾ ਖਰਚਾ |

BRITISH COLUMBIA